ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040208
Available online at: www.armaan.org.in
DOI: https://doi.org/10.64119/armaan.vol.4.issue2.08

# ਮਨੁੱਖੀ ਮਨ ਦਾ ਅਧਿਐਨ: 'ਜੈਵਿਕ ਪ੍ਰਵਿਰਤੀਆਂ' ਦੇ ਫਰਾਇਡੀਅਨ ਮਾਡਲ ਤੋਂ 'ਸਮਾਜਿਕ ਗਤੀਸ਼ੀਲਤਾ' ਦੇ ਨਿਓ-ਫਰਾਇਡੀਅਨ ਮਾਡਲ ਤੱਕ ਦਾ ਗੁਣਾਤਮਿਕ ਵਿਕਾਸ

# Manukhi Mann Da Adhiyan: 'Jaivik Pravritiyan' De Freudian Model Toh 'Samajik Gatishilta' De Neo-Freudian Model Tak Da Gunatmak Vikas

**ਡਾ. ਕਿਰਨ ਗਰਗ (Dr. Kiran Garg)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor in Punjabi)
ਸਰਕਾਰੀ ਕਾਲਜ ਚੰਮੂ ਕਲਾਂ, ਇਸਮਾਈਲਾਬਾਦ, ਕੁਰੂਕਸ਼ੇਤਰ (ਹਰਿਆਣਾ)-136129
Email ID: kirangarg1988@gmail.com

**ਸਾਰ (Abstract)**

*ਇਸ ਅਧਿਐਨ ਦਾ ਮੁੱਖ ਉਦੇਸ਼ ਮਨੁੱਖੀ ਮਨ ਦੀ ਸੰਰਚਨਾ ਅਤੇ ਵਿਵਹਾਰਕ ਪ੍ਰਕਿਰਿਆਵਾਂ ਨੂੰ ਸਮਝਣ ਲਈ ਫਰਾਇਡੀਅਨ ਅਤੇ ਨਿਓ-ਫਰਾਇਡੀਅਨ ਮਾਡਲ ਦੇ ਗੁਣਾਤਮਿਕ ਵਿਕਾਸ ਦੀ ਪੜਤਾਲ ਕਰਨਾ ਹੈ। ਫਰਾਇਡ ਦਾ ਮਨੋਵਿਗਿਆਨਕ ਮਾਡਲ ਮਨੁੱਖੀ ਵਿਵਹਾਰ ਨੂੰ ਮੁੱਖ ਤੌਰ ਉੱਤੇ ਜੈਵਿਕ ਪ੍ਰੇਰਣਾਵਾਂ, ਅਵਚੇਤਨ ਮਨ ਅਤੇ ਅੰਦਰੂਨੀ ਮਨੋ-ਸੰਘਰਸ਼ਾਂ ਨਾਲ ਜੋੜਦਾ ਹੈ ਜਿੱਥੇ ਇਦ, ਈਗੋ ਅਤੇ ਸੁਪਰਈਗੋ ਦੇ ਵਿਚਕਾਰ ਸੰਤੁਲਨ ਮਨੁੱਖੀ ਵਿਵਹਾਰ ਤੇ ਸ਼ਖ਼ਸੀਅਤ ਦੇ ਵਿਕਾਸ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਇਸ ਦੇ ਗੁਣਾਤਮਿਕ ਵਿਕਾਸ ਦੇ ਰੂਪ ਵਿੱਚ ਨਿਓ-ਫਰਾਇਡੀਅਨ ਚਿੰਤਕ ਜਿਵੇਂ ਕਿ ਕਾਰਲ ਯੁੰਗ, ਐਲਫ੍ਰੇਡ ਐਡਲਰ, ਐਰਿਕ ਐਰਿਕਸਨ, ਕੈਰਨ ਹੋਰਨੀ, ਐਰਿਕ ਫ੍ਰੋਮ ਅਤੇ ਹੈਰੀ ਸਟੈਕ ਸੁਲਿਵਨ ਆਦਿ ਮਨੁੱਖੀ ਵਿਵਹਾਰ ਤੇ ਸ਼ਖ਼ਸੀਅਤ ਦੇ ਵਿਕਾਸ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਅੰਤਰ-ਵਿਅਕਤੀਗਤ ਤੱਤਾਂ ਨੂੰ ਅਹਿਮ ਮੰਨਦੇ ਹੋਏ ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਵੇਖਦੇ ਹਨ। ਪ੍ਰਸਤੁਤ ਖੋਜ ਪੱਤਰ ਵਿੱਚ ਗੁਣਾਤਮਕ ਵਿਧੀ ਦੀ ਵਰਤੋਂ ਰਾਹੀਂ ਉਪਰੋਕਤ ਦੋਵੇਂ ਮਾਡਲ ਦੀਆਂ ਸਿਧਾਂਤਕ ਵੱਖਰਤਾਵਾਂ ਅਤੇ ਸਮਾਨਤਾਵਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਦੇ ਹੋਏ ਇਹਨਾਂ ਦੀ ਗੁਣਾਤਮਕ ਵਿਕਾਸ ਰੇਖਾ ਨੂੰ ਤੈਅ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਜਿੱਥੇ ਫਰਾਇਡੀਅਨ ਮਾਡਲ ਮਨ ਦੇ ਅੰਦਰੂਨੀ ਸੰਘਰਸ਼ਾਂ, ਦਮਿਤ ਇੱਛਾਵਾਂ ਅਤੇ ਅਵਚੇਤਨ ਪ੍ਰੇਰਣਾਵਾਂ ਨੂੰ ਵਿਵਹਾਰ ਦਾ ਮੁੱਖ ਕਾਰਕ ਮੰਨਦਾ ਹੋਇਆ ਮਨੋ-ਲਿੰਗਕ ਮਾਡਲ ਨੂੰ ਸਥਾਪਿਤ ਕਰਦਾ ਹੈ, ਉੱਥੇ ਨਿਓ-ਫਰਾਇਡੀਅਨ ਦ੍ਰਿਸ਼ਟੀਕੋਣ ਇਸ ਵਿੱਚ ਵਾਧਾ ਕਰਦੇ ਹੋਏ ਬਾਹਰੀ ਸਮਾਜਿਕ ਸੰਰਚਨਾਵਾਂ, ਸੱਭਿਆਚਾਰਕ ਮੁੱਲਾਂ ਅਤੇ ਮਨੁੱਖੀ ਸੰਬੰਧਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੋਇਆ ਮਨੋ-ਸਮਾਜਿਕ ਮਾਡਲ ਨੂੰ ਸਥਾਪਿਤ ਕਰਦਾ ਹੈ। ਇਹਨਾਂ ਚਿੰਤਕਾਂ ਨੇ ਇਹ ਸਿੱਧ ਕੀਤਾ ਹੈ ਕਿ ਮਨੁੱਖੀ ਮਨ ਦਾ ਵਿਕਾਸ ਕੇਵਲ ਅੰਦਰੂਨੀ ਜੈਵਿਕ ਪ੍ਰੇਰਨਾਵਾਂ ਦਾ ਨਤੀਜਾ ਨਹੀਂ, ਸਗੋਂ ਇਹ ਬਾਹਰੀ ਸਮਾਜਿਕ ਰਿਸ਼ਤਿਆਂ, ਸਭਿਆਚਾਰਕ ਚੌਗਿਰਦੇ ਅਤੇ ਅੰਤਰ-ਵਿਅਕਤੀਗਤ ਸੰਵਾਦ ਦੀ ਇਕ ਜੀਵੰਤ ਪ੍ਰਕਿਰਿਆ ਹੈ।*

**ਕੀਵਰਡ (Keyword):** *ਫਰਾਇਡੀਅਨ ਮਾਡਲ, ਨਿਓ-ਫਰਾਇਡੀਅਨ ਸਿਧਾਂਤ, ਅਵਚੇਤਨ ਮਨ, ਵਿਵਹਾਰ, ਸਮਾਜਿਕ ਕਾਰਕ, ਗੁਣਾਤਮਿਕ ਅਧਿਐਨ।*

## ਭੂਮਿਕਾ

ਮਨੁੱਖੀ ਮਨ ਦੀ ਸੰਰਚਨਾ ਅਤੇ ਉਸਦੀ ਕਾਰਜ-ਕੁਸ਼ਲਤਾ ਨੂੰ ਸਮਝਣਾ ਮਨੋਵਿਗਿਆਨ ਦਾ ਸਭ ਤੋਂ ਮਹੱਤਵਪੂਰਨ ਉਦੇਸ਼ ਰਿਹਾ ਹੈ। ਮਨੋਵਿਗਿਆਨ ਦੇ ਇਤਿਹਾਸ ਵਿੱਚ ਸਿਗਮੰਡ ਫਰਾਈਡ ਦਾ ਅਵਚੇਤਨ ਮਨ, ਇਦ (Id), ਈਗੋ (Ego) ਅਤੇ ਸੁਪਰਈਗੋ (Superego) ਦਾ ਸੰਕਲਪ ਇੱਕ ਅਜਿਹੀ ਕ੍ਰਾਂਤੀ ਸੀ ਜਿਸ ਨੇ ਮਨੁੱਖੀ ਵਿਵਹਾਰ ਦੀ ਪੜਚੋਲ ਦੇ ਰਵਾਇਤੀ ਤਰੀਕਿਆਂ ਨੂੰ ਬਦਲ ਕੇ ਰੱਖ ਦਿੱਤਾ। ਫਰਾਇਡ ਦੇ ਅਨੁਸਾਰ ਮਨੁੱਖੀ ਵਿਵਹਾਰ ਦਾ ਮੁੱਖ ਆਧਾਰ ਜੈਵਿਕ ਪ੍ਰੇਰਣਾਵਾਂ ਅਤੇ ਦੱਬੀਆਂ ਹੋਈਆਂ ਇੱਛਾਵਾਂ ਹੁੰਦੀਆਂ ਹਨ, ਜੋ ਅਵਚੇਤਨ ਮਨ ਵਿੱਚ ਸੰਚਿਤ ਰਹਿੰਦੀਆਂ ਹਨ। ਇਹ ਮਨੁੱਖੀ ਮਨ ਦਾ ਉਹ ਅਥਾਹ ਭੰਡਾਰ ਹੈ, ਜਿਸ ਵਿੱਚ ਉਹ ਵਿਚਾਰ, ਇੱਛਾਵਾਂ, ਯਾਦਾਂ ਅਤੇ ਭਾਵਨਾਵਾਂ ਸੰਚਿਤ ਰਹਿੰਦੀਆਂ ਹਨ ਜਿਨ੍ਹਾਂ ਬਾਰੇ ਮਨੁੱਖ ਪ੍ਰਤੱਖ ਰੂਪ ਵਿੱਚ ਸੁਚੇਤ ਨਹੀਂ ਹੁੰਦਾ। ਇਹ ਸਾਡੀਆਂ ਉਨ੍ਹਾਂ ਦੱਬੀਆਂ ਹੋਈਆਂ ਗੁਪਤ ਅਤੇ ਅਧੂਰੀਆਂ ਇੱਛਾਵਾਂ ਦਾ ਨਿਵਾਸ-ਸਥਾਨ ਹੈ ਜਿਹੜਾ ਸਮਾਜਿਕ ਮਾਨਤਾਵਾਂ ਜਾਂ ਨੈਤਿਕ ਡਰ ਕਾਰਨ ਚੇਤਨ ਪੱਧਰ ਉੱਤੇ ਪ੍ਰਗਟ ਨਹੀਂ ਹੋ ਸਕਦੀਆਂ। ਭਾਵੇਂ ਇਹ ਇੱਛਾਵਾਂ ਅਪ੍ਰਤੱਖ ਹੁੰਦੀਆਂ ਹਨ, ਪਰ ਇਹ ਮਨੁੱਖੀ ਵਿਵਹਾਰ ਅਤੇ ਸ਼ਖ਼ਸੀਅਤ ਨੂੰ ਨਿਰੰਤਰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀਆਂ ਹਨ। ਉਸਦਾ ਪੂਰਾ ਸਿਧਾਂਤ ਜੈਵਿਕ ਪ੍ਰੇਰਣਾਵਾਂ ਉੱਤੇ ਟਿਕਿਆ ਹੋਇਆ ਸੀ, ਜਿਸ ਅਨੁਸਾਰ ਮਨੁੱਖੀ ਸ਼ਖ਼ਸੀਅਤ ਦਾ ਨਿਰਮਾਣ ਮੁੱਖ ਤੌਰ ਉੱਤੇ 'ਲਿਬਿਡੋ' ਜਾਂ ਕਾਮੁਕ ਊਰਜਾ ਦੁਆਰਾ ਹੁੰਦਾ ਹੈ। ਬਚਪਨ ਦੇ ਸ਼ੁਰੂਆਤੀ ਸਾਲਾਂ ਵਿੱਚ ਹੋਏ ਜੈਵਿਕ ਅਨੁਭਵ ਹੀ ਸਾਡੇ ਭਵਿੱਖੀ ਵਿਵਹਾਰ ਨੂੰ ਨਿਰਧਾਰਤ ਕਰਦੇ ਹਨ। ਇਸ ਦ੍ਰਿਸ਼ਟੀਕੋਣ ਵਿੱਚ ਮਨੁੱਖ ਇੱਕ ਅਜਿਹੀ ਇਕਾਈ ਵਜੋਂ ਪੇਸ਼ ਹੁੰਦਾ ਹੈ ਜੋ ਆਪਣੀਆਂ ਅੰਦਰੂਨੀ ਪਾਸ਼ਵਿਕ ਪ੍ਰਵਿਰਤੀਆਂ (Id) ਅਤੇ ਸਮਾਜਿਕ ਨੈਤਿਕਤਾ (Superego) ਦੇ ਵਿਚਕਾਰਲੇ ਨਿਰੰਤਰ ਸੰਘਰਸ਼ ਦਾ ਸ਼ਿਕਾਰ ਹੈ, ਜਿੱਥੇ ਅਹੰਕਾਰ (Ego) ਸਿਰਫ਼

 **Received: 03 May 2026 Accepted: 31 May 2026 Published: 05 June 2026**

ਇੱਕ ਕਮਜ਼ੋਰ ਬਚਾਅ ਪੱਖ ਦੀ ਭੂਮਿਕਾ ਨਿਭਾਉਂਦਾ ਹੈ। ਫਰਾਇਡ ਦੀ ਮੂਲ ਧਾਰਨਾ ਅਨੁਸਾਰ:

> *"ਈਗੋ ਅਸਲ ਵਿੱਚ ਬਾਹਰੀ ਜਗਤ ਦੇ ਸਿੱਧੇ ਪ੍ਰਭਾਵ ਦੁਆਰਾ ਸੋਧਿਆ ਗਿਆ 'ਇਦ' ਦਾ ਇੱਕ ਹਿੱਸਾ ਹੈ।"*[1]

ਸਮੇਂ ਦੇ ਨਾਲ ਕਈ ਮਨੋਵਿਗਿਆਨੀ ਜਿਵੇਂ ਕਿ ਕਾਰਲ ਯੁੰਗ, ਐਲਫ੍ਰੇਡ ਐਡਲਰ, ਐਰਿਕ ਐਰਿਕਸਨ, ਕੈਰਨ ਹੋਰਨੀ, ਐਰਿਕ ਫ੍ਰੋਮ ਅਤੇ ਹੈਰੀ ਸਟੈਕ ਸੁਲਿਵਨ ਨੇ ਫਰਾਇਡ ਦੇ ਵਿਚਾਰਾਂ ਨਾਲ ਅਸਹਿਮਤੀ ਜਤਾਈ ਅਤੇ ਮਨੁੱਖੀ ਮਨ ਦੀ ਗੁੰਝਲਦਾਰ ਪ੍ਰਕਿਰਤੀ ਨੂੰ ਸਮਝਣ ਲਈ ਨਵੇਂ ਦਿਸਹੱਦੇ ਸਿਰਜੇ, ਜਿਨ੍ਹਾਂ ਨੂੰ ਨਿਓ-ਫਰਾਇਡੀਅਨ ਸਿਧਾਂਤ ਕਿਹਾ ਜਾਂਦਾ ਹੈ। ਇਨ੍ਹਾਂ ਚਿੰਤਕਾਂ ਨੇ ਮਨੁੱਖੀ ਵਿਵਹਾਰ ਦੇ ਵਿਕਾਸ ਵਿੱਚ ਸਮਾਜਿਕ, ਸਭਿਆਚਾਰਕ ਅਤੇ ਅੰਤਰ-ਵਿਅਕਤੀਗਤ ਸੰਬੰਧਾਂ ਨੂੰ ਕੇਂਦਰੀ ਭੂਮਿਕਾ ਦਿੱਤੀ। ਕਾਰਲ ਯੁੰਗ ਨੇ 'ਸਮੂਹਿਕ ਅਵਚੇਤਨ' ਅਤੇ 'ਆਰਕੀਟਾਈਪਸ' ਦੀ ਸੰਕਲਪਨਾ ਦੇ ਕੇ ਮਨੋਵਿਗਿਆਨ ਨੂੰ ਸੱਭਿਆਚਾਰਕ ਅਤੇ ਇਤਿਹਾਸਕ ਪਾਸਾਰਾਂ ਨਾਲ ਜੋੜਿਆ। ਕਾਰਲ ਯੁੰਗ ਅਨੁਸਾਰ, *"ਸਮੂਹਿਕ ਅਵਚੇਤਨ ਵਿੱਚ ਉਹ ਸਾਰੀ ਰੂਹਾਨੀ ਵਿਰਾਸਤ ਸ਼ਾਮਲ ਹੈ ਜੋ ਮਨੁੱਖੀ ਵਿਕਾਸ ਦੇ ਇਤਿਹਾਸ ਵਿੱਚ ਮੁੜ-ਪੈਦਾ ਹੁੰਦੀ ਹੈ।"*[2] ਐਲਫ੍ਰੇਡ ਐਡਲਰ ਨੇ ਮਨੁੱਖੀ ਵਿਵਹਾਰ ਦੇ ਪਿੱਛੇ 'ਹੀਨਭਾਵਨਾ' ਅਤੇ ਉਸ ਨੂੰ ਦੂਰ ਕਰਨ ਲਈ ਕੀਤੀ ਜਾਂਦੀ 'ਸਮਾਜਿਕ ਰੁਚੀ' ਨੂੰ ਮੁੱਖ ਪ੍ਰੇਰਕ ਸ਼ਕਤੀ ਮੰਨਿਆ। ਕੈਰਨ ਹੋਰਨੀ ਨੇ ਮਨੁੱਖੀ ਚਿੰਤਾ ਅਤੇ ਮਨੋਵਿਗਿਆਨਕ ਸੁਰੱਖਿਆ ਦੀ ਲੋੜ ਨੂੰ ਪ੍ਰਮੁੱਖਤਾ ਦਿੱਤੀ, ਜਦਕਿ ਐਰਿਕ ਐਰਿਕਸਨ ਨੇ ਮਨੁੱਖੀ ਵਿਕਾਸ ਨੂੰ ਸਿਰਫ਼ ਜੈਵਿਕ ਪੱਧਰ ਤੱਕ ਸੀਮਤ ਨਾ ਰੱਖ ਕੇ 'ਮਨੋ-ਸਮਾਜਿਕ ਵਿਕਾਸ' ਦੇ ਅੱਠ ਪੜਾਵਾਂ ਰਾਹੀਂ ਪਛਾਣ ਦੇ ਸੰਕਟ ਦੀ ਵਿਆਖਿਆ ਕੀਤੀ। ਐਰਿਕ ਐਰਿਕਸਨ ਅਨੁਸਾਰ, *"ਸ਼ਖ਼ਸੀਅਤ ਦਾ ਵਿਕਾਸ ਅੱਠ ਪੜਾਵਾਂ ਵਿੱਚ ਹੁੰਦਾ ਹੈ, ਜਿੱਥੇ ਹਰ ਪੜਾਅ ਇੱਕ ਨਵੇਂ ਮਨੋ-ਸਮਾਜਿਕ ਸੰਕਟ ਨੂੰ ਜਨਮ ਦਿੰਦਾ ਹੈ।"*[3] ਐਰਿਕ ਫ੍ਰੋਮ ਨੇ ਮਨੁੱਖੀ ਆਜ਼ਾਦੀ, ਅਲਹਿਦਗੀ ਅਤੇ ਸਮਾਜਿਕ ਸਰੰਚਨਾਵਾਂ ਦੇ ਮਨ ਉੱਤੇ ਪ੍ਰਭਾਵਾਂ ਨੂੰ ਉਜਾਗਰ ਕੀਤਾ। ਹੈਰੀ ਸਟੈਕ ਸੁਲਿਵਨ ਨੇ 'ਅੰਤਰ-ਵਿਅਕਤੀਗਤ ਸੰਬੰਧਾਂ' ਦੇ ਸਿਧਾਂਤ ਰਾਹੀਂ ਇਹ ਸਪੱਸ਼ਟ ਕੀਤਾ ਕਿ ਮਨੁੱਖੀ ਸ਼ਖ਼ਸੀਅਤ ਦਾ ਨਿਰਮਾਣ ਦੂਜਿਆਂ ਨਾਲ ਕੀਤੇ ਗਏ ਸੰਵਾਦ ਅਤੇ ਵਿਵਹਾਰ ਰਾਹੀਂ ਹੁੰਦਾ ਹੈ। ਨਿਓ-ਫਰਾਈਡੀਅਨ ਸਿਧਾਂਤ ਮਨੁੱਖੀ ਮਨ ਨੂੰ ਸਮਝਣ ਲਈ ਫਰਾਈਡੀਅਨ ਸਿਧਾਂਤ ਦਾ ਗੁਣਾਤਮਕ ਵਿਕਾਸ ਹੈ। ਫਰਾਇਡ ਦਾ ਮਾਡਲ ਮਨੁੱਖੀ ਵਿਵਹਾਰ ਨੂੰ ਅੰਦਰੂਨੀ ਮਨੋਵਿਗਿਆਨਕ ਤਾਕਤਾਂ ਅਤੇ ਜੈਵਿਕ ਤੱਤਾਂ ਨਾਲ ਜੋੜਦਾ ਹੈ ਅਤੇ ਨਿਓ-ਫਰਾਇਡੀਅਨ ਦ੍ਰਿਸ਼ਟੀਕੋਣ ਮਨੁੱਖ ਨੂੰ ਇੱਕ ਸਮਾਜਿਕ ਜੀਵ ਵਜੋਂ ਦੇਖਦਾ ਹੈ, ਜਿਸਦਾ ਵਿਵਹਾਰ ਉਸਦੇ ਵਾਤਾਵਰਣ ਅਤੇ ਸੰਬੰਧਾਂ ਨਾਲ ਨਿਰਧਾਰਿਤ ਹੁੰਦਾ ਹੈ। ਦੋਵੇਂ ਮਾਡਲ ਇੱਕ ਪਾਸੇ ਅੰਦਰੂਨੀ ਸੰਘਰਸ਼ਾਂ ਦੀ ਵਿਆਖਿਆ ਕਰਦੇ ਹਨ ਅਤੇ ਦੂਜੇ ਪਾਸੇ ਬਾਹਰੀ ਪ੍ਰਭਾਵਾਂ ਦੀ ਮਹੱਤਤਾ ਨੂੰ ਮਾਣਤਾ ਦਿੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਜੀਵਨ ਬਹੁਤ ਜਟਿਲ ਅਤੇ ਗਤੀਸ਼ੀਲ ਹੋ ਗਿਆ ਹੈ। ਮਨੁੱਖੀ ਮਨ ਦੀ ਸਮਝ ਲਈ ਇੱਕ ਇਕਾਂਗੀ ਦ੍ਰਿਸ਼ਟੀਕੋਣ ਕਾਫੀ ਨਹੀਂ ਹੈ। ਇਸਲਈ ਫਰਾਇਡੀਅਨ ਅਤੇ ਨਿਓ-ਫਰਾਇਡੀਅਨ ਸਿਧਾਂਤਾਂ ਦੀ ਏਕੀਕ੍ਰਿਤ ਪੜਚੋਲ ਮਨੁੱਖੀ ਵਿਵਹਾਰ ਅਤੇ ਸ਼ਖ਼ਸੀਅਤ ਦੀ ਵਧੇਰੇ ਸੰਪੂਰਨ ਅਤੇ ਸੰਤੁਲਿਤ ਵਿਆਖਿਆ ਪ੍ਰਦਾਨ ਕਰਦੀ ਹੈ।

ਖੋਜ-ਪੱਤਰ ਦੇ ਉਦੇਸ਼ (Objectives)

- ਫਰਾਇਡ ਦੇ ਮਨੋਵਿਗਿਆਨ ਨੂੰ ਸਮਝਣਾ: ਸਿਗਮੰਡ ਫਰਾਇਡ ਦੁਆਰਾ ਦਿੱਤੇ ਗਏ 'ਇਦ', 'ਈਗੋ' ਅਤੇ 'ਸੁਪਰਈਗੋ' ਦੇ ਸੰਕਲਪਾਂ ਦੀ ਵਿਆਖਿਆ ਕਰਨਾ।
- ਅਵਚੇਤਨ ਮਨ ਦਾ ਵਿਸ਼ਲੇਸ਼ਣ: ਮਨੁੱਖੀ ਵਿਵਹਾਰ ਉੱਤੇ ਅਵਚੇਤਨ ਮਨ ਅਤੇ ਦੱਬੀਆਂ ਹੋਈਆਂ ਇੱਛਾਵਾਂ ਦੇ ਪ੍ਰਭਾਵ ਨੂੰ ਸਮਝਣਾ।
- ਨਿਓ-ਫਰਾਇਡੀਅਨ ਦਾ ਯੋਗਦਾਨ: ਕਾਰਲ ਯੁੰਗ, ਐਡਲਰ ਅਤੇ ਹੋਰ ਚਿੰਤਕਾਂ ਦੁਆਰਾ ਦਿੱਤੇ ਗਏ ਨਵੇਂ ਮਨੋਵਿਗਿਆਨਕ ਸਿਧਾਂਤਾਂ ਦੀ ਪੜਚੋਲ ਕਰਨਾ।
- ਗੁਣਾਤਮਿਕ ਅਧਿਐਨ: ਫਰਾਇਡ ਅਤੇ ਨਿਓ-ਫਰਾਇਡੀਅਨ ਚਿੰਤਕਾਂ ਦੇ ਵਿਚਾਰਾਂ ਵਿੱਚ ਅੰਤਰ ਅਤੇ ਸਾਂਝ ਨੂੰ ਸਪਸ਼ਟ ਕਰਨਾ।

ਫਰਾਈਡੀਅਨ ਮਾਡਲ: ਮਨੁੱਖੀ ਮਨ ਦੀ ਸਰੰਚਨਾ

ਸਿਗਮੰਡ ਫਰਾਇਡ ਨੇ ਮਨੁੱਖੀ ਸ਼ਖ਼ਸੀਅਤ ਨੂੰ ਸਮਝਣ ਲਈ 'ਤ੍ਰਿ-ਪੱਖੀ ਮਾਡਲ' ਪੇਸ਼ ਕੀਤਾ। ਉਸ ਅਨੁਸਾਰ ਮਨੁੱਖੀ ਮਨ ਦਾ ਸੰਘਰਸ਼ ਇਹਨਾਂ ਤਿੰਨਾਂ ਤੱਤਾਂ ਦੇ ਆਪਸੀ ਤਾਲਮੇਲ ਉੱਤੇ ਟਿਕਿਆ ਹੋਇਆ ਹੈ:

ਇਦ (Id): ਇਹ ਮਨ ਦਾ ਉਹ ਹਿੱਸਾ ਹੈ ਜੋ ਜਨਮ ਤੋਂ ਹੁੰਦਾ ਹੈ ਅਤੇ ਪੂਰੀ ਤਰ੍ਹਾਂ ਅਵਚੇਤਨ ਹੁੰਦਾ ਹੈ। ਇਸ ਵਿੱਚ ਸਾਡੀਆਂ ਜੈਵਿਕ ਲੋੜਾਂ ਅਤੇ ਕਾਮੁਕ ਇੱਛਾਵਾਂ ਹੁੰਦੀਆਂ ਹਨ। ਇਹ ਸਿਰਫ਼ 'ਅਨੰਦ ਦੇ ਸਿਧਾਂਤ' ਉੱਤੇ ਕੰਮ ਕਰਦਾ ਹੈ ਅਤੇ ਤੁਰੰਤ ਸੰਤੁਸ਼ਟੀ ਦੀ ਮੰਗ ਕਰਦਾ ਹੈ, ਭਾਵੇਂ ਉਹ ਸਮਾਜਿਕ ਤੌਰ ਉੱਤੇ ਸਹੀ ਹੋਵੇ ਜਾਂ ਗਲਤ।

ਈਗੋ (Ego): ਇਹ 'ਯਥਾਰਥ ਦੇ ਸਿਧਾਂਤ' ਉੱਤੇ ਕੰਮ ਕਰਦਾ ਹੈ। ਇਸਦਾ ਕੰਮ ਇਦ ਦੀਆਂ ਇੱਛਾਵਾਂ ਅਤੇ ਬਾਹਰੀ ਸੰਸਾਰ ਦੇ ਨਿਯਮਾਂ ਵਿਚਕਾਰ ਸੰਤੁਲਨ ਬਣਾਉਣਾ ਹੈ। ਫਰਾਈਡ ਅਨੁਸਾਰ *"ਈਗੋ (ਮੈਂ) ਇੱਕ ਸਵਾਰ ਵਾਂਗ ਹੈ, ਜਿਸ ਨੂੰ 'ਇੱਡ' ਵਰਗੇ ਇੱਕ ਤਾਕਤਵਰ ਘੋੜੇ ਦੀ ਬੇਲਗਾਮ ਤਾਕਤ ਨੂੰ ਕਾਬੂ ਵਿੱਚ ਰੱਖਣਾ ਪੈਂਦਾ ਹੈ।"*[4]

ਸੁਪਰਈਗੋ (Superego): ਇਹ ਸਾਡੀ ਅੰਤਰ-ਆਤਮਾ ਹੈ। ਇਹ ਮਨ ਦਾ ਨੈਤਿਕ ਪੱਖ ਹੈ ਜਿਹੜਾ ਸਮਾਜਿਕ ਕਦਰਾਂ-ਕੀਮਤਾਂ ਅਤੇ ਆਦਰਸ਼ਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਮਾਪਿਆਂ ਅਤੇ ਸਮਾਜ ਤੋਂ ਸਿੱਖੇ ਗਏ ਨੈਤਿਕ ਮੁੱਲਾਂ ਤੋਂ ਬਣਦੀ ਹੈ। ਇਹ ਸਾਨੂੰ ਗਲਤ ਕੰਮ ਕਰਨ ਉੱਤੇ ਗਿਲਾਨੀ ਦਾ ਅਹਿਸਾਸ ਕਰਵਾਉਂਦੀ ਹੈ।

ਅਵਚੇਤਨ ਮਨ:

ਮਨੁੱਖੀ ਵਿਵਹਾਰ ਕੇਵਲ ਚੇਤੰਨ ਫੈਸਲਿਆਂ ਦਾ ਨਤੀਜਾ ਨਹੀਂ, ਸਗੋਂ ਇਹ ਅਵਚੇਤਨ ਮਨ ਵਿੱਚ ਦੱਬੀਆਂ ਹੋਈਆਂ ਇੱਛਾਵਾਂ ਅਤੇ ਪੁਰਾਣੀਆਂ ਯਾਦਾਂ ਦਾ ਇੱਕ ਜਟਿਲ ਪ੍ਰਤੀਬਿੰਬ ਹੈ। ਫਰਾਈਡ ਅਨੁਸਾਰ ਮਨੁੱਖੀ ਮਨ ਦਾ 90% ਹਿੱਸਾ ਅਚੇਤ ਹੈ। ਸਾਡੀਆਂ ਉਹ ਇੱਛਾਵਾਂ ਜਿਹੜੀਆਂ ਸਮਾਜਿਕ ਜਾਂ ਨੈਤਿਕ ਡਰ ਕਾਰਨ ਦਬਾ ਦਿੱਤੀਆਂ ਜਾਂਦੀਆਂ ਹਨ ਉਹ 'ਫਰਾਇਡੀਅਨ ਸਲਿਪ' ਜਾਂ ਸੁਪਨਿਆਂ ਰਾਹੀਂ ਬਾਹਰ ਆਉਂਦੀਆਂ ਹਨ। ਫਰਾਈਡ ਨੇ ਆਪਣੀ ਪੁਸਤਕ ਦਾ ਅਨਕੋਨਸ਼ੀਅਸ ਵਿੱਚ ਇਸ ਦੀ ਪੁਸ਼ਟੀ ਕੀਤੀ ਹੈ, *"ਅਚੇਤਨ ਮਨ ਉਹ ਅਸਲੀ ਮਾਨਸਿਕ ਹਕੀਕਤ*

*ਹੈ ਜਿਸ ਦੀ ਅੰਦਰੂਨੀ ਪ੍ਰਕਿਰਤੀ ਸਾਡੇ ਲਈ ਉਨੀ ਹੀ ਅਣਜਾਣ ਹੈ ਜਿੰਨੀ ਬਾਹਰੀ ਸੰਸਾਰ ਦੀ ਹਕੀਕਤ।"* [5] ਉਸਨੇ ਅਵਚੇਤਨ ਮਨ ਨੂੰ 'ਲੁਕੀ ਹੋਈ ਜੇਲ੍ਹ' ਵਜੋਂ ਦੇਖਿਆ। ਏਰਿਕ ਫ੍ਰੋਮ ਮਨੁੱਖੀ ਵਿਵਹਾਰ ਦੀ ਵਿਆਖਿਆ ਕਰਦੇ ਹੋਏ ਸਿਗਮੰਡ ਫਰਾਇਡ ਦੇ ਅਵਚੇਤਨ ਮਨ ਦੇ ਸੰਕਲਪ ਦੀ ਨਾ ਕੇਵਲ ਪ੍ਰੋੜ੍ਹਤਾ ਕਰਦਾ ਹੈ, ਸਗੋਂ ਉਸ ਨੂੰ ਇੱਕ ਨਵੀਂ ਸਮਾਜਿਕ ਮਾਨਵਵਾਦੀ ਦਿਸ਼ਾ ਪ੍ਰਦਾਨ ਕਰਦਿਆਂ ਹੋਰ ਵੀ ਤਰਕਸੰਗਤ ਬਣਾਉਂਦਾ ਹੈ:

> *"The unconscious is the whole man—minus that part of man which corresponds to his society."* [6]

ਏਰਿਕ ਫ੍ਰੋਮ ਦਾ ਚਿੰਤਨ ਫਰਾਇਡ ਦੇ ਅਵਚੇਤਨ ਮਨ ਦੇ ਸਿਧਾਂਤ ਨਾਲ ਪੂਰਨ ਸਹਿਮਤੀ ਜਤਾਉਂਦਾ ਹੈ ਅਤੇ ਇਹ ਸਾਬਤ ਕਰਦਾ ਹੈ ਕਿ ਸਾਡੇ ਅਵਚੇਤਨ ਵਿਚਲੇ ਵੇ ਰੂਪਗ ਹੀ ਸਾਡੇ ਚੇਤੰਨ ਵਿਵਹਾਰ ਨੂੰ ਨਿਯੰਤਰਿਤ ਕਰਦੇ ਹਨ।

ਸਿਗਮੰਡ ਫਰਾਇਡ ਦਾ ਮਨੋਵਿਗਿਆਨਕ ਚਿੰਤਨ ਮਨੁੱਖ ਨੂੰ ਇੱਕ ਅਜਿਹੀ ਜੈਵਿਕ ਇਕਾਈ ਵਜੋਂ ਪੇਸ਼ ਕਰਦਾ ਹੈ ਜੋ ਪੂਰੀ ਤਰ੍ਹਾਂ ਆਪਣੀਆਂ ਅੰਦਰੂਨੀ ਪ੍ਰਵਿਰਤੀਆਂ ਅਤੇ ਕਾਮੁਕ ਊਰਜਾ ਦੇ ਅਧੀਨ ਹੈ ਜਿਸ ਕਾਰਨ ਉਸ ਦੇ ਸਿਧਾਂਤ ਵਿੱਚ ਮਨੁੱਖੀ ਸੁਤੰਤਰਤਾ ਅਤੇ ਚੇਤੰਨ ਫੈਸਲਿਆਂ ਦੀ ਕੋਈ ਖ਼ਾਸ ਜਗ੍ਹਾ ਨਹੀਂ ਬਚਦੀ। ਇਸ ਪ੍ਰਕਿਰਿਆ ਵਿੱਚ ਉਸ ਨੇ ਸਮਾਜਿਕ ਵਾਤਾਵਰਣ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਆਰਥਿਕ ਪਰਿਸਥਿਤੀਆਂ ਦੇ ਡੂੰਘੇ ਪ੍ਰਭਾਵ ਨੂੰ ਲਗਭਗ ਅੱਖੋਂ-ਪਰੋਖੇ ਕਰ ਦਿੱਤਾ ਹੈ। ਉਸ ਦਾ ਸਾਰਾ ਜ਼ੋਰ ਮਨੁੱਖੀ ਮਨ ਦੇ ਰੋਗੀ ਅਤੇ ਹਨੇਰੇ ਪੱਖਾਂ ਉੱਤੇ ਰਿਹਾ ਹੈ ਜਿਸ ਕਰਕੇ ਉਹ ਮਨੁੱਖੀ ਰੂਹਾਨੀਅਤ, ਨੈਤਿਕ ਉੱਚਤਾ ਅਤੇ ਸਿਰਜਣਾਤਮਕ ਸਵੈ-ਪ੍ਰਗਟਾਵੇ ਨੂੰ ਵੀ ਕੇਵਲ ਦੱਬੀਆਂ ਹੋਈਆਂ ਇੱਛਾਵਾਂ ਦਾ ਇੱਕ ਬਦਲਿਆ ਹੋਇਆ ਰੂਪ ਹੀ ਮੰਨਦਾ ਹੈ। ਉਸ ਦਾ ਮਾਡਲ ਅਵਚੇਤਨ ਦੀਆਂ ਪਰਤਾਂ ਨੂੰ ਫਰੋਲਣ ਵਿੱਚ ਸਹਾਈ ਹੁੰਦਾ ਹੈ ਉੱਥੇ ਹੀ ਦੂਜੇ ਪਾਸੇ ਇਹ ਮਨੁੱਖ ਨੂੰ ਇੱਕ 'ਜੈਵਿਕ ਮਸ਼ੀਨ' ਦੇ ਰੂਪ ਵਿੱਚ ਸੀਮਤ ਕਰ ਦਿੰਦਾ ਹੈ ਜੋ ਸਾਰੀ ਉਮਰ ਆਪਣੀਆਂ ਅੰਦਰੂਨੀ ਇੱਛਾਵਾਂ ਅਤੇ ਸਮਾਜਿਕ ਬੰਦਿਸ਼ਾਂ ਦੇ ਦਵੰਦ ਵਿਚਕਾਰ ਹੀ ਫਸੀ ਰਹਿੰਦੀ ਹੈ। ਫਰਾਇਡ ਦੀ ਪਹੁੰਚ ਮਨੁੱਖੀ ਵਿਵਹਾਰ ਦੇ ਕੇਵਲ ਇੱਕ ਪੱਖੀ ਮਨੋ-ਲਿੰਗਕ ਵਿਆਖਿਆ ਤੱਕ ਹੀ ਸੀਮਤ ਰਹੀਂ ਜਿਸ ਵਿੱਚ ਮਨੁੱਖੀ ਸ਼ਖ਼ਸੀਅਤ ਦੇ ਹੋਰ ਗੰਭੀਰ ਅਤੇ ਰਚਨਾਤਮਕ ਪਾਸਾਰਾਂ ਨੂੰ ਉਚਿਤ ਮਹੱਤਵ ਨਹੀਂ ਦਿੱਤਾ ਗਿਆ।

ਨਿਓ-ਫਰਾਈਡੀਅਨ ਮਾਡਲ: ਵਿਚਾਰਧਾਰਕ ਤਬਦੀਲੀ ਅਤੇ ਗੁਣਾਤਮਿਕ ਵਿਕਾਸ

ਵਿਚਾਰਧਾਰਕ ਤਬਦੀਲੀ: ਨਿਓ-ਫਰਾਇਡੀਅਨ ਚਿੰਤਕਾਂ ਦੇ ਸਿਗਮੰਡ ਫਰਾਇਡ ਦੇ ਵਿਚਾਰਾਂ ਨਾਲ ਅਸਹਿਮਤੀ ਸਿਗਮੰਡ ਫਰਾਇਡ ਦੇ ਮਨੋਵਿਗਿਆਨਕ ਸਿਧਾਂਤਾਂ ਨੇ ਜਿੱਥੇ ਅਵਚੇਤਨ ਮਨ ਦੀ ਮਹੱਤਤਾ ਨੂੰ ਸਥਾਪਿਤ ਕੀਤਾ ਉੱਥੇ ਹੀ ਉਸ ਦੇ ਅਤਿ-ਵਿਵਾਦਪੂਰਨ ਅਤੇ ਜੈਵਿਕ ਰੂਪ ਵਿੱਚ ਸੀਮਤ ਵਿਚਾਰਾਂ ਨੇ ਚਿੰਤਕਾਂ ਦੇ ਇੱਕ ਅਜਿਹੇ ਸਮੂਹ ਨੂੰ ਜਨਮ ਦਿੱਤਾ ਜਿਨ੍ਹਾਂ ਨੂੰ 'ਨਿਓ-ਫਰਾਈਡੀਅਨ' ਕਿਹਾ ਜਾਂਦਾ ਹੈ। ਇਹ ਚਿੰਤਕ ਫਰਾਇਡ ਦੇ ਇਸ ਬੁਨਿਆਦੀ ਵਿਸ਼ਵਾਸ ਨਾਲ ਤਾਂ ਪੂਰੀ ਤਰ੍ਹਾਂ ਸਹਿਮਤ ਸਨ ਕਿ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਅਵਚੇਤਨ ਮਨ ਅਤੇ ਬਚਪਨ ਦੇ ਮੁਢਲੇ ਅਨੁਭਵਾਂ ਦੀ ਭੂਮਿਕਾ ਬੇਹੱਦ ਅਹਿਮ ਹੁੰਦੀ ਹੈ ਪਰੰਤੂ ਉਨ੍ਹਾਂ ਨੇ ਫਰਾਇਡ ਦੇ ਉਸ ਇੱਕ ਪੱਖੀ ਨਜ਼ਰੀਏ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਜਿਹੜਾ ਮਨੁੱਖੀ ਵਿਵਹਾਰ ਨੂੰ ਕੇਵਲ ਲਿੰਗਕ ਪ੍ਰੇਰਨਾਵਾਂ ਦਾ ਨਤੀਜਾ ਮੰਨਦਾ ਸੀ। ਇਨ੍ਹਾਂ ਵਿਦਵਾਨਾਂ ਨੇ ਮਹਿਸੂਸ ਕੀਤਾ ਕਿ ਮਨੁੱਖੀ ਮਨ ਕੇਵਲ ਜੈਵਿਕ ਪ੍ਰਵਿਰਤੀਆਂ ਦੀ ਖੇਡ ਨਹੀਂ ਹੈ, ਇਸ ਉੱਤੇ ਸਮਾਜਿਕ ਵਾਤਾਵਰਣ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਅੰਤਰ-ਵਿਅਕਤੀਗਤ ਰਿਸ਼ਤਿਆਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸੇ ਕਾਰਨ ਉਨ੍ਹਾਂ ਨੇ ਫਰਾਇਡ ਦੇ ਮਾਡਲ ਵਿੱਚ ਗੁਣਾਤਮਕ ਸੁਧਾਰ ਤੇ ਵਿਕਾਸ ਕਰਦਿਆਂ ਸ਼ਖ਼ਸੀਅਤ ਦੇ ਅਜਿਹੇ ਵਿਲੱਖਣ ਸਿਧਾਂਤ ਪੇਸ਼ ਕੀਤੇ ਜਿਨ੍ਹਾਂ ਵਿੱਚ ਲਿੰਗਕ ਊਰਜਾ ਦੀ ਥਾਂ ਸਮਾਜਿਕ ਗਤੀਸ਼ੀਲਤਾ ਅਤੇ ਮਨੁੱਖੀ ਹੋਂਦ ਦੀਆਂ ਸੁਰੱਖਿਆ ਸਬੰਧੀ ਲੋੜਾਂ ਨੂੰ ਕੇਂਦਰ ਵਿੱਚ ਰੱਖਿਆ ਗਿਆ। ਇਹਨਾਂ ਚਿੰਤਕਾਂ ਜਿਵੇਂ ਕਿ ਕਾਰਲ ਯੁੰਗ, ਐਲਫ੍ਰੇਡ ਐਡਲਰ, ਐਰਿਕ ਐਰਿਕਸਨ, ਕੈਰਨ ਹੋਰਨੀ, ਐਰਿਕ ਫ੍ਰੋਮ ਅਤੇ ਹੈਰੀ ਸਟੈਕ ਸੁਲਿਵਨ ਆਦਿ ਮਨੁੱਖੀ ਵਿਵਹਾਰ ਤੇ ਸ਼ਖ਼ਸੀਅਤ ਦੇ ਵਿਕਾਸ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਅੰਤਰ-ਵਿਅਕਤੀਗਤ ਤੱਤਾਂ ਨੂੰ ਅਹਿਮ ਮੰਨਦੇ ਹੋਏ ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਵੇਖਿਆ। ਇਹਨਾਂ ਦੇ ਮਾਡਲ ਨੇ ਮਨੁੱਖ ਨੂੰ ਇੱਕ 'ਜੈਵਿਕ ਮਸ਼ੀਨ' ਦੇ ਤੰਗ ਦਾਇਰੇ ਵਿੱਚੋਂ ਮੁਕਤ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਇੱਕ ਵਿਸ਼ਾਲ ਸਮਾਜਿਕ ਅਤੇ ਮਨੁੱਖਤਾਵਾਦੀ ਪਰਿਪੇਖ ਵਿੱਚ ਸਥਾਪਿਤ ਕੀਤਾ ਅਤੇ ਮਨੁੱਖੀ ਹੋਂਦ ਦੇ ਵਧੇਰੇ ਰਚਨਾਤਮਕ ਅਤੇ ਵਿਗਿਆਨਕ ਪੱਖਾਂ ਨੂੰ ਉਜਾਗਰ ਕੀਤਾ।

ਗੁਣਾਤਮਿਕ ਵਿਕਾਸ: ਨਿਓ-ਫਰਾਇਡੀਅਨ ਚਿੰਤਕਾਂ ਦੇ ਵਿਚਾਰ

(ੳ) ਕਾਰਲ ਜੁੰਗ (Analytical Psychology)

ਜੁੰਗ ਨੇ ਫਰਾਇਡ ਦੇ 'ਵਿਅਕਤੀਗਤ ਅਵਚੇਤਨ' ਦੇ ਦਾਇਰੇ ਨੂੰ ਵਧਾ ਕੇ 'ਸਮੂਹਿਕ ਅਵਚੇਤਨ' ਦਾ ਸੰਕਲਪ ਦਿੱਤਾ। ਜੁੰਗ ਨੇ ਫਰਾਇਡ ਦੇ ਨਿਰੋਲ ਵਿਅਕਤੀਗਤ ਨਜ਼ਰੀਏ ਦੇ ਉਲਟ ਮਨੁੱਖੀ ਮਾਨਸਿਕਤਾ ਦੀ ਸਮੂਹਿਕ ਸਾਂਝ ਨੂੰ ਉਜਾਗਰ ਕੀਤਾ, *"The individual is not only a single, separate being, but by his existence he also presupposes a collective relationship."* [7] ਸਾਡਾ ਅਵਚੇਤਨ ਮਨ ਕੇਵਲ ਨਿੱਜੀ ਦੱਬੀਆਂ ਹੋਈਆਂ ਇੱਛਾਵਾਂ ਦਾ ਘਰ ਨਹੀਂ, ਸਗੋਂ ਮਨੁੱਖੀ ਇਤਿਹਾਸ ਦੀ ਸਾਂਝੀ ਵਿਰਾਸਤ ਹੈ।

*(ਅ) ਐਲਫ੍ਰੈਡ ਐਡਲਰ (Individual Psychology)*

ਐਡਲਰ ਨੇ 'ਲਿੰਗਕਤਾ' ਦੀ ਥਾਂ 'ਸ਼ਕਤੀ ਦੀ ਇੱਛਾ' ਅਤੇ 'ਹੀਣ ਭਾਵਨਾ' ਨੂੰ ਮਨੁੱਖੀ ਵਿਵਹਾਰ ਦਾ ਆਧਾਰ ਮੰਨਿਆ, *"To be a human being means to possess a feeling of inferiority which constantly presses towards its own conquest."* [8] ਹਰ ਮਨੁੱਖ ਬਚਪਨ ਦੀ ਹੀਣਤਾ ਨੂੰ ਦੂਰ ਕਰਨ ਲਈ 'ਉੱਤਮਤਾ' ਦੀ ਕੋਸ਼ਿਸ਼ ਕਰਦਾ ਹੈ। ਫਰਾਇਡ ਦੇ ਮਨੁੱਖੀ ਵਿਵਹਾਰ ਦੇ ਜੈਵਿਕ ਮਸ਼ੀਨ ਦੇ ਮਾਡਲ ਦੀ ਥਾਂ ਐਡਲਰ ਨੇ ਮਨੁੱਖ ਨੂੰ ਸਮਾਜਿਕ ਰਿਸ਼ਤਿਆਂ ਵਿੱਚ ਵਿਚਰਨ ਵਾਲਾ ਇੱਕ 'ਸਮਾਜਿਕ ਜੀਵ' ਮੰਨਿਆ।

(ੲ) ਕੇਰਨ ਹੋਰਨੀ (Feminine Psychology)

ਕੇਰਨ ਹੌਰਨੀ ਨੇ ਮਾਨਸਿਕ ਉਲਝਣਾਂ ਨੂੰ ਜੈਵਿਕ ਦੀ ਬਜਾਏ ਸਮਾਜਿਕ ਸੁਰੱਖਿਆ ਨਾਲ ਜੋੜਿਆ, ***"The basic anxiety is the feeling a child has of being isolated and helpless in a potentially hostile world."***[9] ਹੋਰਨੀ ਨੇ ਫਰਾਈਡ ਦੇ 'Penis Envy' ਦੇ ਸਿਧਾਂਤ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਔਰਤਾਂ ਵਿੱਚ ਹੀਣਤਾ ਭਾਵਨਾ ਜੈਵਿਕ ਨਹੀਂ ਸਗੋਂ ਪਿੱਤਰਸੱਤਾਮਕ ਸਮਾਜ ਦੀ ਦੇਣ ਹੈ। ਉਸਨੇ 'ਬੁਨਿਆਦੀ ਚਿੰਤਾ' ਉੱਤੇ ਜ਼ੋਰ ਦਿੱਤਾ ਬੁਨਿਆਦੀ ਚਿੰਤਾ ਉਹ ਅਹਿਸਾਸ ਹੈ ਜਦੋਂ ਬੱਚਾ ਇੱਕ ਸੰਭਾਵੀ ਦੁਸ਼ਮਣੀ ਭਰੇ ਸੰਸਾਰ ਵਿੱਚ ਖੁਦ ਨੂੰ ਇਕੱਲਾ ਅਤੇ ਬੇਸਹਾਰਾ ਮਹਿਸੂਸ ਕਰਦਾ ਹੈ।

*(ਸ) ਏਰਿਕ ਫ੍ਰੋਮ (Humanistic/ Social Psychoanalysis)*

ਫ੍ਰੋਮ ਨੇ ਮਨੋਵਿਗਿਆਨ ਨੂੰ ਸਮਾਜ ਸ਼ਾਸਤਰ ਅਤੇ ਮਾਨਵਵਾਦ ਨਾਲ ਜੋੜਿਆ। ਫ੍ਰੋਮ ਨੇ ਸੁਤੰਤਰਤਾ ਅਤੇ ਇਕੱਲਤਾ ਦੇ ਦਵੰਦ ਨੂੰ ਪੇਸ਼ ਕੀਤਾ। ਫ੍ਰੋਮ ਨੇ ਆਪਣੀ ਪੁਸਤਕ *ਇਸਕੇਪ ਫਰੋਮ ਫਰੀਡਮ* ਵਿੱਚ ਸਪਸ਼ਟ ਕੀਤਾ, ***"Modern man lives under the illusion that he knows what he wants, while he actually wants what he is supposed to want."***[10] ਮਨੁੱਖ ਦੀ ਅਸਲ ਸਮੱਸਿਆ ਆਪਣੀ 'ਸੁਤੰਤਰਤਾ' ਨੂੰ ਸੰਭਾਲਣਾ ਹੈ। ਉਹ ਇਕੱਲਤਾ ਦੇ ਡਰ ਕਾਰਨ ਇਸ ਸੁਤੰਤਰਤਾ ਤੋਂ ਭੱਜਦਾ ਹੈ। ਆਧੁਨਿਕ ਮਨੁੱਖ ਇਸ ਭੁਲੇਖੇ ਵਿੱਚ ਜਿਉਂਦਾ ਹੈ ਕਿ ਉਹ ਜਾਣਦਾ ਹੈ ਕਿ ਉਹ ਕੀ ਚਾਹੁੰਦਾ ਹੈ, ਜਦੋਂ ਕਿ ਅਸਲ ਵਿੱਚ ਉਹ ਉਹੀ ਚਾਹੁੰਦਾ ਹੈ ਜੋ ਉਸ ਤੋਂ ਚਾਹੁਣ ਦੀ ਉਮੀਦ ਕੀਤੀ ਜਾਂਦੀ ਹੈ। ਉਸ ਅਨੁਸਾਰ ਅਵਚੇਤਨ ਮਨ ਸਮਾਜਿਕ ਢਾਂਚੇ ਦੀ ਦੇਣ ਹੈ। ਮਨੁੱਖੀ ਵਿਵਹਾਰ ਨੂੰ ਸਮਝਣ ਲਈ ਉਸ ਦੇ ਸਮਾਜਿਕ ਅਤੇ ਆਰਥਿਕ ਮਾਹੌਲ ਨੂੰ ਸਮਝਣਾ ਜ਼ਰੂਰੀ ਹੈ।

*(ਹ) ਐਰਿਕ ਐਰਿਕਸਨ (Psychosocial Psychology)*

ਐਰਿਕਸਨ ਨੇ ਫਰਾਇਡ ਦੇ 'ਮਨੋ-ਲਿੰਗਿਕ' ਪੜਾਵਾਂ ਦੀ ਥਾਂ 'ਮਨੋ-ਸਮਾਜਿਕ' ਵਿਕਾਸ ਦੇ ਅੱਠ ਪੜਾਅ ਦਿੱਤੇ। ਉਸ ਅਨੁਸਾਰ ਸ਼ਖ਼ਸੀਅਤ ਦਾ ਵਿਕਾਸ ਸਿਰਫ਼ ਬਚਪਨ ਵਿੱਚ ਨਹੀਂ, ਸਗੋਂ ਪੂਰੀ ਉਮਰ ਚੱਲਦਾ ਹੈ।

ਐਰਿਕ ਐਰਿਕਸਨ ਦੀ ਪੁਸਤਕ *ਚਾਇਲਡਹੁਡ ਐਂਡ ਸੁਸਾਇਟੀ* ਵਿੱਚ ਮਨੋ-ਸਮਾਜਿਕ ਵਿਕਾਸ ਦੇ ਅੱਠ ਪੜਾਅ:

ਮਨੁੱਖੀ ਸ਼ਖ਼ਸੀਅਤ ਦਾ ਵਿਕਾਸ ਅੱਠ ਨਿਰਧਾਰਿਤ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਹਰ ਪੜਾਅ ਉੱਤੇ ਮਨੁੱਖ ਨੂੰ ਇੱਕ 'ਮਨੋ-ਸਮਾਜਿਕ ਸੰਕਟ' ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਉਹ ਉਸ ਸੰਕਟ ਨੂੰ ਸਕਾਰਾਤਮਕ ਤਰੀਕੇ ਨਾਲ ਸੁਲਝਾ ਲੈਂਦਾ ਹੈ ਤਾਂ ਉਸਦੀ ਸ਼ਖ਼ਸੀਅਤ ਅਤੇ ਵਿਵਹਾਰ ਵਿੱਚ ਇੱਕ ਵਿਸ਼ੇਸ਼ 'ਗੁਣ' ਪੈਦਾ ਹੁੰਦਾ ਹੈ। ਪੜਾਵਾਂ ਦਾ ਵੇਰਵਾ:

1. ਭਰੋਸਾ ਬਨਾਮ ਅਵਿਸ਼ਵਾਸ (Trust vs. Mistrust): (ਜਨਮ ਤੋਂ 1.5 ਸਾਲ): - ਬੱਚਾ ਦੁਨੀਆ ਉੱਤੇ ਭਰੋਸਾ ਕਰਨਾ ਸਿੱਖਦਾ ਹੈ।

2. ਸਵੈ-ਨਿਰਭਰਤਾ ਬਨਾਮ ਸ਼ਰਮ (Autonomy vs. Shame): (1.5 ਤੋਂ 3 ਸਾਲ): - ਬੱਚਾ ਆਪਣੇ ਕੰਮ ਸਵੈ ਕਰਨ ਦੀ ਕੋਸ਼ਿਸ਼ ਕਰਦਾ ਹੈ।

3. ਪਹਿਲਕਦਮੀ ਬਨਾਮ ਦੋਸ਼ (Initiative vs. Guilt): (3 ਤੋਂ 5 ਸਾਲ):- ਬੱਚਾ ਨਵੀਆਂ ਚੀਜ਼ਾਂ ਦੀ ਯੋਜਨਾ ਬਣਾਉਣਾ ਸਿੱਖਦਾ ਹੈ।

4. ਮਿਹਨਤ ਬਨਾਮ ਹੀਣਤਾ (Industry vs. Inferiority): (5 ਤੋਂ 12 ਸਾਲ): - ਸਕੂਲ ਵਿੱਚ ਨਵੇਂ ਹੁਨਰ ਸਿੱਖਣ ਦੀ ਪ੍ਰਕਿਰਿਆ।

5. ਪਛਾਣ ਬਨਾਮ ਭੁਲੇਖਾ (Identity vs. Role Confusion): (12 ਤੋਂ 18 ਸਾਲ): -ਇਹ ਸਭ ਤੋਂ ਅਹਿਮ ਪੜਾਅ ਹੈ। ਕਿਸ਼ੋਰ ਅਵਸਥਾ ਵਿੱਚ ਬੰਦਾ ਆਪਣੀ ਪਛਾਣ ਲੱਭਦਾ ਹੈ।

6. ਨੇੜਤਾ ਬਨਾਮ ਇਕੱਲਤਾ (Intimacy vs. Isolation): (18 ਤੋਂ 40 ਸਾਲ): - ਰਿਸ਼ਤਿਆਂ ਅਤੇ ਪਿਆਰ ਦੀ ਭਾਲ।

7.ਸਿਰਜਣਾਤਮਕਤਾ ਬਨਾਮ ਖੜੋਤ (Generativity vs. Stagnation): (40 ਤੋਂ 65 ਸਾਲ):- ਅਗਲੀ ਪੀੜ੍ਹੀ ਨੂੰ ਕੁਝ ਦੇਣ ਦੀ ਇੱਛਾ।

8. ਮਾਨਸਿਕ ਸੰਪੂਰਨਤਾ ਬਨਾਮ ਨਿਰਾਸ਼ਾ (Integrity vs. Despair): (65 ਸਾਲ ਤੋਂ ਉੱਪਰ): - ਬੁਢਾਪੇ ਵਿੱਚ ਜੀਵਨ ਦਾ ਲੇਖਾ-ਜੋਖਾ।

ਜਿੱਥੇ ਫਰਾਇਡ ਨੇ ਸਿਰਫ਼ 'ਕਾਮੁਕਤਾ' ਅਤੇ 'ਬਚਪਨ' 'ਤੇ ਜ਼ੋਰ ਦਿੱਤਾ ਸੀ, ਉੱਥੇ ਐਰਿਕਸਨ ਨੇ ਦਿਖਾਇਆ ਕਿ ਮਨੁੱਖ ਦਾ ਵਿਕਾਸ ਅੰਤਲੇ ਸਮੇਂ ਤੱਕ ਚੱਲਦਾ ਹੈ। ਉਸਨੇ ਪੁਸ਼ਟੀ ਕੀਤੀ ਕਿ ਸਮਾਜ ਅਤੇ ਸੱਭਿਆਚਾਰ ਮਨੁੱਖ ਦੇ ਅਵਚੇਤਨ ਨੂੰ ਲਗਾਤਾਰ ਪ੍ਰਭਾਵਿਤ ਕਰਦੇ ਹਨ। ਐਰਿਕਸਨ ਅਨੁਸਾਰ ਸਾਡਾ 'ਹੰਕਾਰ' ਜਾਂ 'ਮੈਂ' (Ego) ਕਮਜ਼ੋਰ ਨਹੀਂ ਹੈ। ਇਹ ਸਿਰਫ਼ ਇੱਛਾਵਾਂ ਨੂੰ ਕਾਬੂ ਨਹੀਂ ਕਰਦਾ, ਸਗੋਂ ਇਹ ਸਮਾਜ ਵਿੱਚ ਵਿਚਰਨ ਲਈ ਇੱਕ 'ਸਿਰਜਣਾਤਮਕ ਸ਼ਕਤੀ' ਵਜੋਂ ਕੰਮ ਕਰਦਾ ਹੈ। 'ਪਛਾਣ ਦਾ ਸੰਕਟ' ਉਸ ਦਾ ਪ੍ਰਮੁੱਖ ਸੰਕਲਪ ਅਤੇ ਮਨੋਵਿਗਿਆਨ ਵਿੱਚ ਸਭ ਤੋਂ ਵੱਧ ਪ੍ਰਵਾਨਿਤ ਹੈ। ਉਹ ਮੰਨਦਾ ਹੈ ਕਿ ਅਵਚੇਤਨ ਮਨ ਵਿੱਚ ਦਮਿਤ ਡਰ ਅਤੇ ਸਮਾਜਿਕ ਉਮੀਦਾਂ ਵਿਚਕਾਰ ਜਦੋਂ ਟਕਰਾਅ ਹੁੰਦਾ ਹੈ ਤਾਂ ਬੰਦਾ ਆਪਣੀ ਪਛਾਣ ਗੁਆ ਲੈਂਦਾ ਹੈ। ਉਸ ਦਾ ਮਾਡਲ ਇਹ ਸਪੱਸ਼ਟ ਕਰਦਾ ਹੈ ਕਿ ਮਨੁੱਖੀ ਵਿਵਹਾਰ ਸਿਰਫ਼ 'ਜੈਵਿਕ ਪ੍ਰਵਿਰਤੀਆਂ' ਦਾ ਨਤੀਜਾ ਨਹੀਂ, ਸਗੋਂ ਇਹ ਉਸਦੇ ਜੀਵਨ ਭਰ ਦੇ ਸਮਾਜਿਕ ਅਨੁਭਵਾਂ ਅਤੇ ਅੰਦਰੂਨੀ ਸੰਘਰਸ਼ਾਂ ਦਾ ਇੱਕ ਗੁਣਾਤਮਕ ਵਿਕਾਸ ਹੈ। ਉਸਨੇ ਮਨੁੱਖ ਨੂੰ ਇੱਕ ਅਜਿਹਾ ਜੀਵ ਮੰਨਿਆ ਜਿਹੜਾ ਲਗਾਤਾਰ ਆਪਣੀ ਹੋਂਦ ਅਤੇ ਸਾਰਥਕਤਾ ਦੀ ਭਾਲ ਵਿੱਚ ਰਹਿੰਦਾ ਹੈ।

*(ਕ) ਹੈਰੀ ਸਟੈਕ ਸੁਲਿਵਨ (Interpersonal Psychology)*

ਸੁਲਿਵਨ ਨੇ ਮਨੁੱਖੀ ਸ਼ਖ਼ਸੀਅਤ ਨੂੰ ਦੂਜਿਆਂ ਦੇ ਸੰਦਰਭ ਵਿੱਚ ਦੇਖਿਆ। ਸ਼ਖ਼ਸੀਅਤ ਅੰਤਰ-ਵਿਅਕਤੀਗਤ ਸਥਿਤੀਆਂ ਦਾ ਇੱਕ ਅਜਿਹਾ ਪੈਟਰਨ ਹੈ ਜੋ ਮਨੁੱਖੀ ਜੀਵਨ ਦੀ ਵਿਸ਼ੇਸ਼ਤਾ ਬਣਦਾ ਹੈ। ਉਸਨੇ ਫਰਾਇਡ ਦੀ ਵਿਅਕਤੀ-ਕੇਂਦਰਿਤ ਪਹੁੰਚ ਨੂੰ ਰੱਦ ਕਰਦਿਆਂ ਕਿਹਾ ਕਿ ਮਨੁੱਖੀ ਮਨ ਨੂੰ ਦੂਜਿਆਂ ਦੇ ਸੰਪਰਕ ਤੋਂ ਬਿਨਾਂ ਸਮਝਿਆ ਹੀ ਨਹੀਂ ਜਾ ਸਕਦਾ।

ਫਰਾਇਡੀਅਨ ਮਾਡਲ ਅਤੇ ਨਿਓ-ਫਰਾਇਡੀਅਨ ਮਾਡਲ ਦਾ

ਤੁਲਨਾਤਮਕ ਅਤੇ ਆਲੋਚਨਾਤਮਕ ਪੱਖ:

| ਵਿਸ਼ਾ | ਫਰਾਇਡੀਅਨ ਮਾਡਲ ('ਜੈਵਿਕ ਪ੍ਰਵਿਰਤੀਆਂ) | ਨਿਓ-ਫਰਾਈਡੀਅਨ ਮਾਡਲ ('ਸਮਾਜਿਕ ਗਤੀਸ਼ੀਲਤਾ') |
|---|---|---|
| ਮੁੱਖ ਕੇਂਦਰ | ਕਾਮ ਇੱਛਾਵਾਂ (Libido) ਅਤੇ ਜੈਵਿਕ ਪ੍ਰਵਿਰਤੀਆਂ | ਸਮਾਜਿਕ ਸਬੰਧ ਅਤੇ ਸਭਿਆਚਾਰਕ ਪ੍ਰਭਾਵ |
| ਅਵਚੇਤਨ ਮਨ | ਨਿੰਜੀ ਅਤੇ ਦੱਬੀਆਂ ਇੱਛਾਵਾਂ | ਨਿੰਜੀ ਦੇ ਨਾਲ-ਨਾਲ ਸਮੂਹਿਕ ਵਾਤਾਵਰਨ |
| ਵਿਕਾਸ ਦਾ ਸਮਾਂ | ਮੁੱਢਲੇ 5 ਸਾਲ ਮਨੁੱਖ ਦੇ ਵਿਵਹਾਰ ਨੂੰ ਨਿਸ਼ਚਿਤ ਕਰਦੇ ਹਨ। | ਕੇਵਲ ਪੰਜ ਸਾਲ ਹੀ ਨਿਸ਼ਚਿਤ ਨਹੀਂ ਕਰਦੇ, ਸਗੋਂ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਨਿਰੰਤਰ ਅਤੇ ਉਮਰ ਭਰ ਜਾਰੀ ਰਹਿੰਦੀ ਹੈ। |
| ਪ੍ਰੇਰਣਾ | ਅੰਦਰੂਨੀ ਟਕਰਾਅ | ਸਮਾਜਿਕ ਸਾਂਝ ਅਤੇ ਸੁਰੱਖਿਆ |

ਸਿੱਟਾ:

ਫਰਾਈਡ ਦੇ ਮਨੋ-ਵਿਸ਼ਲੇਸ਼ਣ ਤੋਂ ਨਿਓ-ਫਰਾਈਡੀਅਨ ਚਿੰਤਨ ਤੱਕ ਦਾ ਸਫ਼ਰ ਮਨੋਵਿਗਿਆਨ ਦੇ ਇਤਿਹਾਸ ਵਿੱਚ ਮਹਿਜ਼ ਇੱਕ ਤਬਦੀਲੀ ਨਹੀਂ, ਸਗੋਂ ਮਨੁੱਖੀ ਹੋਂਦ ਨੂੰ ਸਮਝਣ ਦੇ ਨਜ਼ਰੀਏ ਵਿੱਚ ਆਇਆ ਇੱਕ ਬਹੁਤ ਵੱਡਾ ਗੁਣਾਤਮਿਕ ਪਰਿਵਰਤਨ ਹੈ। ਜਿੱਥੇ ਫਰਾਈਡ ਨੇ ਮਨੁੱਖ ਨੂੰ ਆਪਣੀਆਂ ਮੁੱਢਲੀਆਂ ਜੈਵਿਕ ਪ੍ਰਵਿਰਤੀਆਂ, ਲਿੰਗਕ ਇੱਛਾਵਾਂ ਅਤੇ ਬਚਪਨ ਦੀਆਂ ਦਮਿਤ ਘਟਨਾਵਾਂ ਹੱਥੋਂ ਮਜ਼ਬੂਰ ਇੱਕ 'ਜੈਵਿਕ ਮਸ਼ੀਨ' ਵਾਂਗ ਚਿਤਰਿਆ, ਉੱਥੇ ਨਿਓ-ਫਰਾਈਡੀਅਨ ਚਿੰਤਕਾਂ ਨੇ ਇਸ ਸੀਮਤ ਦਾਇਰੇ ਨੂੰ ਤੋੜਦਿਆਂ ਮਨੁੱਖ ਨੂੰ ਇੱਕ ਗਤੀਸ਼ੀਲ 'ਸਮਾਜਿਕ ਅਤੇ ਸਭਿਆਚਾਰਕ ਇਕਾਈ' ਵਜੋਂ ਪਛਾਣ ਦਿੱਤੀ। ਇਸ ਬੌਧਿਕ ਵਿਕਾਸ ਨੇ ਮਨੋਵਿਗਿਆਨਕ ਅਧਿਐਨ ਵਿੱਚ ਉਸ ਮਨੁੱਖੀ ਸੰਤੁਲਨ ਨੂੰ ਸਥਾਪਿਤ ਕੀਤਾ ਜੋ ਫਰਾਈਡ ਦੇ ਸਿਧਾਂਤਾਂ ਵਿੱਚ ਕਿਤੇ ਗੁਆਚਿਆ ਹੋਇਆ ਸੀ, ਵਿਸ਼ੇਸ਼ ਕਰਕੇ ਔਰਤ ਮਨੋਵਿਗਿਆਨ ਦੇ ਪ੍ਰਸੰਗ ਵਿੱਚ ਜਿੱਥੇ ਕੈਰਨ ਹਾਰਨੀ ਵਰਗੇ ਚਿੰਤਕਾਂ ਨੇ ਫਰਾਈਡ ਦੇ ਪੁਰਖੀ ਪੱਖਪਾਤਾਂ ਨੂੰ ਵੰਗਾਰਦਿਆਂ ਔਰਤ ਦੇ ਅਸਤਿਤਵ ਨੂੰ ਵਧੇਰੇ ਸਨਮਾਨਜਨਕ ਅਤੇ ਤਰਕਸ਼ੀਲ ਪੱਧਰ ਉੱਤੇ ਪੇਸ਼ ਕੀਤਾ। ਫਰਾਈਡ ਦਾ ਦ੍ਰਿਸ਼ਟੀਕੋਣ ਜਿੱਥੇ ਮਨੁੱਖੀ ਸੁਭਾਅ ਨੂੰ ਨਿਰਾਸ਼ਾਵਾਦੀ ਅਤੇ ਅਤੀਤ ਦੀਆਂ 'ਘਾਟਾਂ' ਵਿੱਚ ਉਲਝਿਆ ਹੋਇਆ ਵੇਖਦਾ ਸੀ, ਉੱਥੇ ਨਿਓ-ਫਰਾਈਡੀਅਨ ਮਾਡਲ ਨੇ ਮਨੋ-ਚਿਕਿਤਸਾ ਦੀ ਸੇਧ ਨੂੰ ਬੀਤ ਚੁੱਕੇ ਕੱਲ੍ਹ ਦੇ ਹਨੇਰਿਆਂ ਵਿੱਚੋਂ ਕੱਢ ਕੇ ਭਵਿੱਖ ਦੇ ਟੀਚਿਆਂ, ਨਿੰਜੀ ਵਿਕਾਸ ਅਤੇ ਸਾਰਥਕ ਸਮਾਜਿਕ ਅਨੁਕੂਲਣ ਵੱਲ ਕੇਂਦਰਿਤ ਕੀਤਾ। ਇਸ ਪਰਿਵਰਤਨ ਨੇ ਇਹ ਸਿੱਧ ਕਰ ਦਿੱਤਾ ਕਿ ਮਨੁੱਖ ਕੇਵਲ ਆਪਣੇ ਅੰਦਰੂਨੀ ਸੰਘਰਸ਼ਾਂ ਦਾ ਸ਼ਿਕਾਰ ਨਹੀਂ ਹੈ, ਉਹ ਆਪਣੇ ਆਲੇ-ਦੁਆਲੇ ਦੇ ਸਮਾਜਿਕ ਯਥਾਰਥ ਨਾਲ ਸੰਵਾਦ ਰਚਾ ਕੇ ਆਪਣੀ ਸ਼ਖ਼ਸੀਅਤ ਨੂੰ ਸਿਰਜਣ ਦੀ ਸਮਰੱਥਾ ਵੀ ਰੱਖਦਾ ਹੈ। ਇਹ ਚਿੰਤਨ ਫਰਾਈਡ ਦੁਆਰਾ ਰੱਖੀ ਗਈ ਮਨੋ-ਵਿਗਿਆਨਕ ਨੀਂਹ ਉੱਪਰ ਇੱਕ ਅਜਿਹੀ ਵਿਸ਼ਾਲ ਅਤੇ ਸਿਰਜਣਾਤਮਕ ਬੌਧਿਕ ਇਮਾਰਤ ਦੀ ਉਸਾਰੀ ਕਰਦਾ ਹੈ ਜਿਹੜੀ ਜੈਵਿਕ ਅਧਾਰਾਂ ਦੀ ਮੌਜੂਦਗੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਵੀ ਮਨੁੱਖ ਨੂੰ ਉਸ ਦੀਆਂ ਕਮਜ਼ੋਰੀਆਂ ਦੀ ਥਾਂ ਉਸ ਦੀਆਂ ਬੇਅੰਤ ਸੰਭਾਵਨਾਵਾਂ ਅਤੇ ਸੱਭਿਆਚਾਰਕ ਪਛਾਣ ਦੇ ਵਿਆਪਕ ਸੰਦਰਭ ਵਿੱਚ ਇੱਕ ਸੰਤੁਲਿਤ ਅਤੇ ਨਰੋਈ ਦਿਸ਼ਾ ਪ੍ਰਦਾਨ ਕਰਦੀ ਹੈ।

## *ਹਵਾਲੇ ਅਤੇ ਟਿੱਪਣੀਆ*


1. *ਫਰਾਇਡ, ਸਿਗਮੰਡ, (1923), ਦਾ ਈਗੋ ਐਂਡ ਦਾ ਇਦ , ਲੰਡਨ: ਹੌਗਾਰਥ ਪ੍ਰੈਸ, ਪੰਨਾ: 23-25*
2. *ਜੁੰਗ, ਕਾਰਲ, (1959), ਆਰਕੀਟਾਈਪਸ ਅਤੇ ਸਮੂਹਿਕ ਅਚੇਤਨ , ਨਿਊਯਾਰਕ: ਪੈਂਥੀਓਨ ਬੁੱਕਸ, ਪੰਨੇ: 3-4*
3. *ਐਰਿਕਸਨ, ਐਰਿਕ, (1950) , ਚਾਇਲਡਹੁੱਡ ਐਂਡ ਸੁਸਾਇਟੀ , ਨਿਊਯਾਰਕ: ਡਬਲਯੂ, ਡਬਲਯੂ, ਨੌਰਟਨ ਐਂਡ ਕੰਪਨੀ, ਪੰਨੇ: 247-251*
4. *ਫਰਾਇਡ, ਸਿਗਮੰਡ , (1923), ਦਾ ਈਗੋ ਐਂਡ ਦਾ ਇਦ , ਲੰਡਨ: ਹੌਗਾਰਥ ਪ੍ਰੈਸ, ਪੰਨਾ: 25*
5. *ਫਰਾਇਡ, ਸਿਗਮੰਡ, (1915), ਦਾ ਅਨਕੋਨਸ਼ੀਅਸ , ਲੰਡਨ: ਹੌਗਾਰਥ ਪ੍ਰੈਸ, ਪੰਨਾ: 166*
6. *ਫ੍ਰੋਮ, ਏਰਿਕ, (1964), ਦ ਹਾਰਟ ਆਫ਼ ਮੈਨ: ਇਟਸ ਜੀਨੀਅਸ ਫ਼ੌਰ ਗੁੱਡ ਐਂਡ ਈਵਲ , ਨਿਊਯਾਰਕ: ਹਾਰਪਰ ਐਂਡ ਰੋਅ, ਪੰਨਾ: 87*
7. *ਜੁੰਗ, ਕਾਰਲ, (1959), ਆਰਕੀਟਾਈਪਸ ਅਤੇ ਸਮੂਹਿਕ ਅਚੇਤਨ , ਨਿਊਯਾਰਕ: ਪੈਂਥੀਓਨ ਬੁੱਕਸ, ਪੰਨਾ: 17*
8. *ਐਡਲਰ, ਐਲਫ੍ਰੈਡ, (1927), ਦਾ ਇੰਡੀਵਿਜੁਅਲ ਸਾਈਕੋਲੋਜੀ , ਲੰਡਨ: ਰੁਟਲੈਜ ਐਂਡ ਕੇਗਨ ਪਾਲ, ਪੰਨਾ: 116*

9. ਹੋਰਨੀ, ਕੇਰਨ, (1937), ਦਾ ਨਿਊਰੋਟਿਕ ਪਰਸਨੈਲਿਟੀ ਆਫ਼ ਆਵਰ ਟਾਈਮ, ਨਿਊਯਾਰਕ: ਡਬਲਯੂ, ਡਬਲਯੂ, ਨੌਰਟਨ ਐਂਡ ਕੰਪਨੀ, ਪੰਨਾ: 89

10. ਫ੍ਰੋਮ, ਏਰਿਕ, (1941), ਇਸਕੇਪ ਫਰੋਮ ਫਰੀਡਮ , ਨਿਊਯਾਰਕ: ਫਰਾਰ ਐਂਡ ਰਾਈਨਹਾਰਟ, ਪੰਨਾ: 252.

## *Cite this Article-*

*ਡਾ. ਕਿਰਨ ਗਰਗ (Dr. Kiran Garg), ਮਨੁੱਖੀ ਮਨ ਦਾ ਅਧਿਐਨ: 'ਜੈਵਿਕ ਪ੍ਰਵਿਰਤੀਆਂ' ਦੇ ਫਰਾਇਡੀਅਨ ਮਾਡਲ ਤੋਂ 'ਸਮਾਜਿਕ ਗਤੀਸ਼ੀਲਤਾ' ਦੇ ਨਿਓ-ਫਰਾਇਡੀਅਨ ਮਾਡਲ ਤੱਕ ਦਾ ਗੁਣਾਤਮਿਕ ਵਿਕਾਸ (Manukhi Mann Da Adhiyan: 'Jaivik Pravritiyan' De Freudian Model Toh 'Samajik Gatishilta' De Neo-Freudian Model Tak Da Gunatmak Vikas), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 39-44*

*Journal URL: www.armaan.org.in*

*DOI: https://doi.org/10.64119/armaan.vol.4.issue2.08*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*